# ਦਫਤਰ ਜਿਲ੍ਹਾ ਸਿਖਿਆ ਅਫਸਰ (ਸੈ.ਸਿ) ਅੰਮ੍ਰਿਤਸਰ

**ਈ.ਮੇਲ:** deoseamritsar@gmail.com **ਫੋਨ ਅਤੇ ਫੈਕਸ ਨੰਬਰ:** 0183-2225896
Website: **deoseasr.org** ਰਾਹੀਂ

ਵੱਲ

ਪ੍ਰਿੰਸੀਪਲ/ਮੁੱਖ ਅਧਿਆਪਕ,
ਪ੍ਰਾਈਵੇਟ/ਏਡਿਡ/ਸਰਕਾਰੀ ਸੀਨੀ.ਸੈਕੰ./ਹਾਈ/ਮਿਡਲ ਸਕੂਲ,
ਜਿਲ੍ਹਾ ਅੰਮ੍ਰਿਤਸਰ।

ਪੱਤਰ ਨੰ:ਜੀ-6/2016- 4548
ਮਿਤੀ :- 05/10/16

ਵਿਸ਼ਾ ਈ-ਪੰਜਾਬ ਪੋਰਟਲ ਤੇ ਅਧਾਰ ਕਾਰਡ ਨੰਬਰ update ਕਰਨ ਸਬੰਧੀ।

ਹਵਾਲਾ ਮਾਨਯੋਗ ਸਕੱਤਰ ਸਕੂਲ ਸਿੱਖਿਆ ਪੰਜਾਬ ਅਤੇ ਮਾਨਯੋਗ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਜੀ ਦੇ ਪ੍ਰਾਪਤ ਹੋਏ ਟੈਲੀਫੋਨ ਸ਼ੰਦੇਸ ਮਿਤੀ 05-10-2016 ਦੇ ਸਬੰਧ ਵਿੱਚ।

ਉਪਰੋਕਤ ਵਿਸ਼ੇ ਅਤੇ ਹਵਾਲੇ ਦੇ ਸਬੰਧ ਵਿੱਚ ਆਪ ਨੂੰ ਲਿਖਿਆ ਜਾਂਦਾ ਹੈ ਕਿ ਜਿਲ੍ਹਾ ਅੰਮ੍ਰਿਤਸਰ ਦੇ ਪ੍ਰਾਈਵੇਟ ਸਕੂਲਾਂ ਵੱਲੋ ਸਾਲ 2016-17 ਦੌਰਾਨ ਈ-ਪੰਜਾਬ ਪੋਰਟਲ ਤੇ ਸਕੂਲਾਂ ਦੇ ਵਿਦਿਆਰਥੀ ਅਪਡੇਟ ਕਰਦੇ ਸਮੇ ਉਹਨਾਂ ਦੇ ਅਧਾਰ ਕਾਰਡ ਨਹੀ ਪਾਏ ਗਏ। ਜਿਸ ਕਾਰਨ ਜਿਲ੍ਹਾ ਅੰਮ੍ਰਿਤਸਰ ਦੇ ਸਕੂਲਾਂ ਦੇ ਵਿਦਿਆਰਥੀ ਦਾ ਆਧਾਰ ਕਾਰਡ ਦਾ ਗ੍ਰਾਫ ਕਾਫੀ ਨੀਵਾਂ ਹੈ।

ਇਸ ਲਈ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਮਿਤੀ 10-10-2016 ਤੱਕ ਈ-ਪੰਜਾਬ ਤੇ ਆਪਣੇ ਸਕੂਲ ਦੇ ਹਰ ਵਿਦਿਆਰਥੀ ਦਾ ਆਧਾਰ ਕਾਰਡ ਅਪਡੇਟ ਕਰਕੇ ਇਸ ਦੀ ਸੂਚਨਾ ਇਸ ਦਫਤਰ ਨੂੰ ਲਿਖਤੀ ਭੇਜੀ ਜਾਵੇ। ਇਸ ਨੂੰ ਅਤਿ ਜ਼ਰੂਰੀ ਸਮਝਿਆ ਜਾਵੇ। ਇਸ ਸਬੰਧੀ ਕਿਸੇ ਵੀ ਅਣਗਹਿਲੀ ਦੀ ਜਿੰਮੇਵਾਰੀ ਸਕੂਲ ਪ੍ਰਿੰਸੀਪਲ ਦੀ ਹੋਵੇਗੀ।

ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:),
ਅੰਮ੍ਰਿਤਸਰ।

ਪਿੱਠ ਅੰਕਣ ਨੰ ਉਕਤ

ਉਪਰੋਕਤ ਦਾ ਉਤਾਰਾ ਮਾਨਯੋਗ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਜੀ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:),
ਅੰਮ੍ਰਿਤਸਰ।